**ਦਫਤਰ ਚੇਅਰਮੈਨ,ਭਰਤੀ ਬੋਰਡ-ਕਮ- ਪ੍ਰਮੁੱਖ ਸਕੱਤਰ,ਸਕੂਲ ਸਿੱਖਿਆ ਵਿਭਾਗ,ਪੰਜਾਬ।**
**ਪੀ.ਐਸ.ਈ.ਬੀ ਕੰਪਲੈਕਸ,ਈ ਬਲਾਕ,ਪੰਜਵੀ ਮੰਜਿਲ,ਫੇਜ਼-8,ਐਸ.ਏ.ਐਸ ਨਗਰ।**
**(ਵੈਬਸਾਈਟ www.educationrecruitmentboard.com)**

---

## ਪਬਲਿਕ ਨੋਟਿਸ

ਪੰਜਾਬ ਸਿੱਖਿਆ ਵਿਭਾਗ ਵੱਲੋਂ ਮਿਤੀ 09-09-2012 ਨੂੰ ਪੰਜਾਬੀ ਅਖਬਾਰ "ਰੋਜਾਨਾ ਅਜੀਤ" ਅਤੇ ਮਿਤੀ 10-09-2012 ਨੂੰ ਅੰਗਰੇਜ਼ੀ ਅਖਬਾਰ "ਦੀ ਟ੍ਰਿਬਿਊਨ" ਵਿੱਚ ਵੱਖ-ਵੱਖ ਵਿਸ਼ਿਆਂ ਸਮੇਤ ਡੀ.ਪੀ.ਈ,ਹੋਮ ਸਾਇੰਸ ਅਤੇ ਆਰਟ ਐਂਡ ਕਰਾਫਟ ਦੀਆਂ 5178 ਪੇਂਡੂ ਸਹਿਯੋਗੀ ਅਧਿਆਪਕਾਂ ਦੀਆਂ ਅਸਾਮੀਆਂ ਭਰਨ ਲਈ ਵਿਗਿਆਪਨ ਦਿੱਤਾ ਗਿਆ ਸੀ। ਪਰੰਤੂ ਬਾਅਦ ਵਿੱਚ ਇਹ ਵੇਖਿਆ ਗਿਆ ਕਿ ਇਸ ਵਿਗਿਆਪਨ ਵਿੱਚ ਡੀ.ਪੀ.ਈ ਵਿਸ਼ੇ ਦੀਆਂ 130 ਅਸਾਮੀਆਂ ਨੂੰ ਭਰਨ ਲਈ ਜੋ ਵਿਦਿਅਕ ਯੋਗਤਾਵਾਂ ਦਰਸਾਈਆਂ ਗਈਆਂ ਸਨ,ਉਹ ਪੰਜਾਬ ਸਟੇਟ ਐਜੂਕੇਸ਼ਨ ਕਲਾਸ-3(ਸਕੂਲ ਕਾਡਰ) ਸੇਵਾ ਨਿਯਮਾਂਵਲੀ,1978 ਅਨੁਸਾਰ ਨਹੀਂ ਸਨ।ਇਸੇ ਹੀ ਤਰ੍ਹਾਂ ਉਕਤ ਵਿਗਿਆਪਨ ਵਿੱਚ ਆਰਟ ਐਂਡ ਕਰਾਫਟ ਅਤੇ ਹੋਮ-ਸਾਇੰਸ ਵਿਸ਼ੇ ਸਬੰਧੀ ਪ੍ਰਾਪਤ ਹੋਏ ਡਾਟੇ ਵਿੱਚ ਕੁਝ ਤਕਨੀਕੀ ਖਾਮੀਆਂ ਪਾਈਆਂ ਜਾਣ ਕਾਰਨ ਇਹਨਾਂ ਆਸਾਮੀਆਂ(130 ਡੀ.ਪੀ.ਈ, 100 ਆਰਟ ਐਂਡ ਕਰਾਫਟ ਅਤੇ 18 ਹੋਮ ਸਾਇੰਸ) ਨੂੰ ਭਰਿਆ ਨਹੀਂ ਜਾ ਸਕਿਆ।ਇਸ ਲਈ ਡੀ.ਪੀ.ਈ ਦੀਆਂ 130 ਆਸਾਮੀਆਂ,ਆਰਟ ਐਂਡ ਕਰਾਫਟ ਦੀਆਂ 100 ਆਸਾਮੀਆਂ ਅਤੇ ਹੋਮ ਸਾਇੰਸ ਦੀਆਂ 18 ਆਸਾਮੀਆਂ ਦੀ ਭਰਤੀ ਦੀ ਪ੍ਰਕਿਰਿਆ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ।ਇਸ ਵਿਗਿਆਪਨ ਦੀ ਲਗਾਤਾਰਤਾ ਵਿੱਚ ਇਹਨਾਂ ਆਸਾਮੀਆਂ ਲਈ ਜੋ ਪਹਿਲਾਂ ਉਮੀਦਵਾਰ ਮਿਤੀ 08.10.2012 ਤੱਕ ਆਪਣੀ ਵਿੱਦਿਅਕ ਯੋਗਤਾ ਪੂਰੀ ਕਰਦੇ ਸਨ,ਉਹਨਾਂ ਉਮੀਦਵਾਰਾਂ ਤੋਂ ਵਿਭਾਗ ਦੀ **(ਵੈਬਸਾਈਟ www.educationrecruitmentboard.com)** ਤੇ ਮਿਤੀ 03.11.2014 ਤੱਕ ਆਨ ਲਾਈਨ **ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ। ਇਨ੍ਹਾਂ ਅਸਾਮੀਆਂ ਨਾਲ ਸਬੰਧਤ ਸ਼ਰਤਾਂ/ ਬਾਨਾਂ** (Terms & Conditions) **ਦੀ ਵਿਸਥਾਰਪੂਰਵਕ ਜਾਣਕਾਰੀ ਵਿਭਾਗ ਦੀ ਵੈਬਸਾਈਟ** (www.educationrecruitmentboard.com) **ਤੇ ਉਪਲੱਬਧ ਹੈ। ਜਿਹੜੇ ਉਮੀਦਵਾਰਾਂ ਨੇ ਇਹਨਾਂ ਆਸਾਮੀਆਂ ਲਈ ਪਹਿਲਾਂ ਅਪਲਾਈ ਕੀਤਾ ਸੀ। ਉਹਨਾਂ ਨੂੰ ਵੀ ਦੁਬਾਰਾ** ਆਨ-ਲਾਈਨ ਅਪਲਾਈ ਕਰਨਾ ਪਵੇਗਾ ਅਤੇ ਉਹਨਾਂ ਉਮੀਦਵਾਰਾਂ ਤੋਂ ਪਹਿਲਾਂ ਲਈ ਗਈ ਪ੍ਰੋਸੈਸਿੰਗ ਫੀਸ ਬਾਅਦ ਵਿੱਚ ਵਾਪਸ ਕਰ ਦਿੱਤੀ ਜਾਵੇਗੀ।ਇਸ ਕਾਰਣ ਹੋਈ ਅਸੁਵਿਧਾ ਲਈ ਖੇਦ ਪ੍ਰਗਟ ਕੀਤਾ ਜਾਂਦਾ ਹੈ।

ਅੰਜਲੀ ਭਾਵੜਾ ਆਈ ਏ ਐਸ
**ਚੇਅਰਪਰਸਨ, ਸਿੱਖਿਆ ਭਰਤੀ ਬੋਰਡ-ਕਮ-**
**ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ।**